PUNJABI

# ਇਕੁਆਲਟੀ ਸਕੌਟਲੈਂਡ (Equality Scotland) ਬਜ਼ੁਰਗ ਲੋਕਾਂ ਲਈ ਰਿਹਾਇਸ਼ (Housing for Older people)

# ਖ਼ਬਰਪੱਤਰ

ਇਹ ਖ਼ਬਰਪੱਤਰ ਚੀਨੀ, (ਕੈਨਟੋਨੀਜ਼), ਹਿੰਦੀ, ਪੰਜਾਬੀ, ਉਰਦੂ, ਅਰਬੀ, ਅਤੇ ਬੰਗਾਲੀ ਵਿੱਚ ਵੀ ਮਿਲਦਾ ਹੈ।

## ਤੁਹਾਨੂੰ ਖ਼ੁਸ਼ੀ ਭਰੇ ਅਤੇ ਪ੍ਰਫੁੱਲਤ ਨਵੇਂ ਸਾਲ ਲਈ ਸ਼ੁੱਭ ਇਛਾਵਾਂ

## ਮੀਲਪੱਥਰ ਕਾਨਫਰੰਸ ਵਿੱਚ ਦਿਹਾਕੇ ਦੀ ਸਫ਼ਲਤਾ ਦਾ ਪ੍ਰਗਟਾਵਾ

ਸਕੌਟਲੈਂਡ ਦੀ ਪਹਿਲੀ ਘੱਟ ਗਿਣਤੀ ਨਸਲੀ ਮੂਲ ਦੇ ਬਜ਼ੁਰਗ ਲੋਕਾਂ ਦੀ ਕਾਨਫਰੰਸ ਵਿੱਖੇ ਸ਼ਾਨਦਾਰ ਬਹੁਨਸਲੀ ਇਕੱਠ ਨੇ ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਦੀ ਆਪਣੀ 10 ਵਰ੍ਹੇ ਗੰਢ ਮਨਾਉਂਦਿਆਂ ਹੋਇਆਂ ਆਪਣੇ ਨਵੇਂ ਰੰਗ ਬਰੰਗੇ ਦੌਰ ਦਾ ਪ੍ਰਗਟਾਵਾ ਕੀਤਾ।

ਇਹ ਸਮਾਗਮ, ਜਿਸ ਦੀ ਮੇਜ਼ਬਾਨੀ ਟਰੱਸਟ, ਹਾਨੋਵਰ (ਸਕੌਟਲੈਂਡ) ਅਤੇ ਬੀਅਲਡ ਹਾਉਜ਼ਿੰਗ ਏਸੋਸੀਏਸ਼ਨਜ਼ ਨੇ ਕੀਤੀ ਸੀ, ਦਾ ਪ੍ਰਬੰਧ ਸਕੌਟਲੈਂਡ ਦੀ ਸਰਕਾਰ ਦੀ ਏਜ ਅਤੇ ਓਲਡਰ ਟੀਮ ਦੀ ਸਾਂਝਦਾਰੀ ਵਿੱਚ ਕੀਤਾ ਗਿਆ ਸੀ, ਅਤੇ ਅਕਤੂਬਰ ਵਿੱਚ ਫੌਲਕਿਰਕ ਵਿੱਖੇ ਮਕਡੌਨਲਡ ਇਨਖ਼ਰਾ ਹੋਟਲ ਵਿੱਚ ਰੱਖਿਆ ਗਿਆ ਸੀ।

ਇਸ ਮੀਲਪੱਥਰ ਸਥਾਪਿਤ ਕਰਨ ਵਾਲੇ ਸਮਾਗਮ ਵਿੱਚ ਸਕੌਟਲੈਂਡ ਭਰ ਵਿੱਚੋਂ ਘੱਟ ਗਿਣਤੀ ਨਸਲੀ ਮੂਲ ਦੇ ਸਮੂਹਾਂ ਵਿੱਚੋਂ 350 ਤੋਂ ਵੱਧ ਮੈਹਮਾਨ ਸ਼ਾਮਲ ਹੋਏ ਅਤੇ ਮੁੱਖ ਬੁਲਾਰਾ ਅਲੈਕਸ ਨੀਲ ਐਮ.ਐਸ.ਪੀ., ਰਿਹਾਇਸ਼ ਅਤੇ ਭਾਈਚਾਰਿਆਂ ਲਈ ਮੰਤਰੀ ਸੀ, ਜਿਸ ਨੇ ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਨੂੰ ਗਰੈਹਿਣ ਕੀਤਾ ਅਤੇ ਸਕੌਟਲੈਂਡ ਵਿੱਚ ਨਸਲੀ ਮੂਲ ਦੀਆਂ ਘੱਟ ਗਿਣਤੀਆਂ ਦੇ ਮਹੱਤੱਵਪੂਰਨ ਭੂਮਿਕਾ ਦਾ ਵਿਸ਼ੇਸ਼ ਵਰਨਨ ਕੀਤਾ।

ਅੰਤਰ ਪੀੜ੍ਹੀ ਮਾਮਲਿਆਂ, ਪਰਿਵਾਰ, ਇਸਤਰੀਆਂ ਅਤੇ ਜਰਮਨੀ ਦਾ ਏਕੀਕਰਨ ਦੀ ਮੰਤਰੀ, ਡਾਕਟਰ ਸਬੀਨ ਸੱਲਜ, ਕਾਨਫਰੰਸ ਵਿੱਚ ਯੂਰੋਪ ਭਰ ਵਿੱਚ ਪ੍ਰਵਾਸੀ ਬਜ਼ੁਰਗਾਂ ਲਈ ਕੀਤੇ ਜਾ ਰਹੇ ਕੰਮ ਬਾਰੇ ਵੀ ਬੋਲੀ।

ਮੈਹਿਮਾਨਾਂ ਨੇ ਵੱਖਰੇ ਵੱਖਰੇ ਸੱਭਿਆਚਾਰਾਂ ਦੇ ਖਾਣਿਆਂ ਅਤੇ ਲਾਈਵ ਮਨੋਰੰਜਨ ਜਿਸ ਵਿੱਚ ਇੰਡਅਿਨ ਡਾਂਸਰ, ਚੀਨੀ ਡਾਂਸਰ ਅਵੇ ਅਫਰੀਕਣ ਢੋਲਕ ਮਾਸਟਰ ਸ਼ਾਮਲ ਸਨ ਦਾ ਅਨੰਦ ਮਾਣਿਆਂ। ਉਨ੍ਹਾਂ ਨੇ ਪਬਲਿਕ ਨੂੰ ਪਹਿਲੀ ਵਾਰੀ ਦਿਖਾਈ ਗਈ ਯਾਦਗਰੀ ਫਿਲਮ ਵੀ ਦੇਖੀ ਜਿਸ ਵਿੱਚ ਪਿੱਛਲੇ 10 ਸਾਲਾਂ ਦੌਰਾਨ ਬਰਾਬਰੀ ਮੌਕਿਆਂ ਦੇ ਪ੍ਰੋਗਰਾਮ ਦੇ ਕੀਤੇ ਹੋਏ ਕੰਮਾਂ ਦੀ ਤਸਵੀਰ ਪੇਸ਼ ਕੀਤੀ ਗਈ ਸੀ।

> **"ਟਰੱਸਟ, ਹਾਨੋਵਰ ਅਤੇ ਬੀਅਲਡ ਹਾਉਜ਼ਿੰਗ ਏਸੋਸੀਏਸ਼ਨਜ਼ ਵੱਲੋਂ ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਵਿੱਚ ਪਿੱਛਲੇ 10 ਸਾਲਾਂ ਦੌਰਾਨ ਕੀਤੇ ਗਏ ਬੇਹਤਰੀਨ ਕੰਮਾਂ ਬਾਰੇ ਮੈਂ ਜਾਣੂ ਹਾਂ। ਮੈਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਕੀਤੀਆਂ ਪ੍ਰਾਪਤੀਆਂ ਦੀ ਵਧਾਈ ਦੇਣੀ ਚਾਹੁੰਦਾ ਹਾਂ"**
>
> ਪਹਿਲਾ ਮੰਤਰੀ,
> ਮਾਣਯੋਗ ਅਲੈਕਸ ਸਲਮੰਡ ਐਮ.ਐਸ.ਪੀ.
> (Rt. Hon Alex Salmond MSP)

ਅੰਕ 19
ਜਨਵਰੀ 2010

### ਅੰਦਰ...


- ਯੂਰੋਪ ਵਿੱਖੇ ਆਵਾਸੀ ਬਜ਼ੁਰਗਾਂ ਦੇ ਸਮਾਗਮ ਵਿੱਚ ਕਰਮਚਾਰੀਆਂ ਨੇ ਭਾਗ ਲਿਆ
- ਬਰਾਬਰੀ ਦੇ ਮੌਕਿਆਂ ਲਈ 'ਚੰਗੇ ਅਭਿਆਸ' ਨੂੰ ਮਾਣਤਾ
- ਯਾਦਗਰਾਂ ਯੋਜਨਾ
- ਗੈਟ ਅੱਪ ਐਂਡ ਗੋ ਇਨਾਮ 2009 ਦੂਜੇ ਨੰਬਰ ਤੇ ਆਉਣ ਵਾਲੇ


Trust More than just a home · HANOVER SCOTLAND · BIELD INDEPENDENCE FOR OLDER PEOPLE

# ਸਮਾਗਮ ਦੀਆਂ ਫ਼ੋਟੋ




ਟਰੱਸਟ, ਹਨੋਵਰ (ਸਕੋਟਲੈਂਡ) ਅਤੇ ਬੀਅਲਡ ਹਾਊਜ਼ਿੰਗ ਏਸੋਸੀਏਸ਼ਨਜ਼ ਦੇ ਮੁੱਖੀਆਂ ਅਤੇ ਚੀਫ ਐਕਜ਼ੈਕਟਿਵਾਂ ਨਾਲ ਅਲੈਕਸ ਨੀਲ, ਐਮ.ਐਸ.ਪੀ.



ਕਾਨਫਰੰਸ ਵਿੱਚ ਦੇ ਮਹਿਮਾਨ




ਭਾਰਤੀ ਸ਼ਾਸਤਰੀ ਨਾਚ



ਭਾਰਤੀ ਸ਼ਾਸਤਰੀ ਨਾਚ

www.EqualityScotland.com

# ਸਮਾਗਮ ਦੀਆਂ ਫ਼ੋਟੋ ਚਾਲੂ




ਚੀਨੀ ਨਾਚ




ਅਫਰੀਕਣ ਨਾਚ

## ਬਜ਼ੁਰਗ ਲੋਕਾਂ ਦੀਆਂ ਸੇਵਾਵਾਂ ਦੀ ਯੋਜਨਾ ਨੇ ਵਧਾਈ ਪਾਹੁੰਚ

ਬਜ਼ੁਰਗ ਲੋਕਾਂ ਦੀਆਂ ਸੇਵਾਵਾਂ ਦੀ ਵਿਕਾਸ ਯੋਜਨਾ ਆਪਣੇ ਦੂਜੇ ਸਾਲ ਦੇ ਅੰਤ ਵਿੱਚ ਪਹੁਚ ਗਈ ਹੈ ਅਤੇ ਸਕੌਟਲੈਂਡ ਭਰ ਵਿੱਚ ਘੱਟ ਗਿਣਤੀ ਨਸਲੀ ਮੂਲ ਦੇ ਬਜ਼ੁਰਗ ਲੋਕਾਂ ਨੂੰ ਜਿਨ੍ਹਾਂ ਬੈਨੀਫਿੱਟਾਂ ਅਤੇ ਸੇਵਾਵਾਂ ਦੇ ਉਹ ਹੱਕਦਾਰ ਹਨ ਉਹ ਸਫਲਤਾ ਨਾ ਕਲੇਮ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨਾ ਚਾਲੂ ਰੱਖ ਰਹੀ ਹੈ।

ਹੁਣ ਤੱਕ, 450 ਤੋਂ ਵੱਧ ਬੈਨੀਫਿੱਟ ਜਾਂਚਾਂ ਕੀਤੀਆਂ ਗਈਆਂ ਹਨ ਅਤੇ £366,000 ਤੋਂ ਵੱਧ ਬੈਨੀਫੱਟਾਂ ਦੀ ਰੱਕਮ ਪ੍ਰਾਪਤ ਕੀਤੀ ਗਈ ਹੈ। ਹਰ ਘਰਬਾਰ ਵਿੱਚ ਵਧੇਰੇ ਆਮਦਨ ਨਾਲ ਬਹੁਤ ਪਰਿਵਾਰਾਂ ਦੀ ਸਹਾਇਤਾ ਹੋਈ ਹੈ, ਜਿਸ ਨਾਲ ਇਸ ਜਿਆਦਾ ਲੰਮੀ ਮੰਦਵਾੜੀ ਵਿੱਚ ਪੈਸਿਆਂ ਦੇ ਪੱਖੋਂ ਉਨ੍ਹਾਂ ਨੂੰ ਬਹੁਤ ਸਹਾਰਾ ਮਿਲਿਆ ਹੈ।

ਤੀਜੇ ਸਾਲ ਵਿੱਚ ਅਸੀਂ ਆਪਣੀਆਂ ਸੇਵਾਵਾਂ ਉੱਤਰ ਵੱਲ ਨੂੰ ਵਧਾਉਣ ਬਾਰੇ ਸੋਚ ਰਹੇ ਹਾਂ ਤਾਂ ਕਿ ਅਸੀਂ ਫੋਰਫਾਰ, ਅਬਰਡੀਨ ਅਤੇ ਹਾਈਲੈਂਡਸ ਵਿੱਚ ਭਾਈਚਾਰਿਆਂ ਤੱਕ ਪਾਹੁੰਚ ਸਕੀਏ।
ਜਿਨ੍ਹਾਂ ਭਾਈਚਾਰਿਾਂ ਤੱਕ ਪਾਹੁੰਚ ਕਰਨੀ ਮੁਸ਼ਕਲ ਹੈ ਅਸੀਂ ਉਨ੍ਹਾਂ ਨਾਲ ਪਹਿਲਾਂ ਵਾਂਗ ਹੀ ਤਾਲ-ਮੇਲ ਕਰਨ ਅਤੇ ਸਾਡਆਂ ਸੇਵਾਵਾਂ ਬਾਰੇ ਵੱਧ ਤੋਂ ਵੱਧ ਬਜ਼ੁਰਗ ਲੋਕਾਂ ਨੂੰ ਦੱਸਣ ਦੇ ਚਾਹਵਾਨ ਹਾਂ।

ਇਸ ਯੋਜਨਾ ਦੇ ਤਾਲ-ਮੇਲ ਕਰਤੇ ਡੇ ਕੇਅਰ ਸੈਂਟਰਾਂ ਅਤੇ ਭਾਈਚਾਰਿਕ ਸੰਸਥਾਵਾਂ ਨਾਲ ਸਾਂਝਦਾਰੀ ਵਿੱਚ ਸਲਾਹ ਮਸ਼ਵਰੇ ਲਈ ਪ੍ਰੋਗਰਾਮ ਬਣਾਉਂਦੇ ਰਹਿੰਦੇ ਹਨ।

BIG LOTTERY FUND

**LOTTERY FUNDED**

ਇਨ੍ਹਾਂ ਸਲਾਹ ਮਸ਼ਵਰੇ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦੀ ਸਥਾਨਿਕ ਭਾਈਚਾਰਿਆਂ ਵਿੱਚ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ।

ਜੇ ਤੁਹਾਡੀ ਉੱਮਰ 60+ ਹੈ ਜਾਂ ਤੁਸੀਂ ਉਸ ਕਿਸੇ ਨੂੰ ਜਾਣਦੇ ਹੋ ਜੋ ਸਾਡੀਆਂ ਸੇਵਾਵਾਂ ਤੋਂ ਲਾਭ ਉਠਾ ਸਕਦਾ ਹੋਵੇ, ਉਹ ਸਕੌਟਲੈਂਡ ਵਿੱਚ ਕਿਤੇ ਵੀ ਰਹਿੰਦੇ ਹੋਣ, ਤਾਂ ਅਸੀਂ ਮਦਦ ਕਰ ਸਕਦੇ ਹਾਂ। ਅਪੋਇੰਟਮੈਂਟ ਲਈ ਕਿਰਪਾ ਕਰਕੇ ਨੀਰੂ ਨਾਲ (0131 444 4952) ਤੇ ਜਾਂ ਆਂਟਨੀ ਨਾਲ (0131 444 4941) ਤੇ ਸੰਪਰਕ ਕਰੋ।

**ਦੇਰ ਨਾ ਕਰੋ, ਅੱਜੇ ਕਲੇਮ ਕਰੋ!!!!!!**

# ਰਾਣੀ ਧੀਰ ਨੂੰ ਹਾਪੀ ਟੂ ਟ੍ਰਾਂਸਲੇਟ ਦੀ ਸਭਾਪਤੀ ਨਿਯੁੱਕਤ ਕੀਤਾ ਗਿਆ

HAPPY TO **TRANSLATE**

ਹਾਪੀ ਟੂ ਟ੍ਰਾਂਸਲੇਟ ਯੋਜਨਾ ਨੇ ਰਾਣੀ ਧੀਰ, ਡਰੱਮਚਾਪਲ ਹਾਊਜਿੰਗ ਕੋਔਪਰਾਟਿੱਵ ਦੀ ਐਕਯੈਕਟਿਵ ਡਰੈਕਟਰ, ਨੂੰ ਆਪਣੀ ਆਪਣੇ ਕਾਰਜਨੀਤਕਾਰੀ ਸਲਾਹਕਾਰ ਸਮੂਹ ਦੀ ਸਭਾਪਤੀ ਨਿਯੁੱਕਤ ਕਰ ਦਿੱਤਾ ਹੈ ਅਤੇ ਬੋਰਡ ਉੱਪਰ ਛੇ ਨਵੇਂ ਮੈਂਬਰਾਂ ਨੂੰ ਜੀ ਆਇਆਂ ਆਖਿਆ ਹੈ, ਜਿਸ ਵਿੱਚ ਇਸ ਦੇ ਨਿੱਜੀ ਖੇਤਰ ਦੇ ਪਹਿਲੇ ਮੈਂਬਰ ਸ਼ਾਮਲ ਹਨ।

ਰਾਨੀ ਇਹ ਔਹਦਾ ਮੁੱਖੀ ਹੈਲਨ ਮਰਡੋਕ, ਹਾਨੋਵਰ (ਸਕੌਟਲੈਂਡ) ਹਾਊਜ਼ਿੰਗ ਏਸੋਸੀਏਸ਼ਨ ਦੀ ਚੀਫ ਐਕਯੈਕਟਿਵ ਜੋ ਇਹ ਔਹਦਾ ਛੱਡ ਰਹੀ ਹੈ ਤੋਂ ਸੰਭਾਲ ਰਹੀ ਹੈ, ਜੋ ਇਸ ਯੋਜਨਾ ਵਿੱਚ ਇਸ ਦੇ 2004 ਵਿੱਚ ਸ਼ੁਰੂ ਹੋਣ ਤੋਂ ਹੀ ਯੋਗਦਾਨ ਪਾ ਰਹੀ ਹੈ। ਅਸੀਂ ਹੈਲਨ ਦਾ ਉਸ ਦੇ ਇਸ ਯੋਜਨਾ ਨਾਲ ਪਿੱਛਲੇ ਪੰਜ ਸਾਲਾਂ ਦੌਰਾਨ ਲਗਨ ਅਤੇ ਉਸ ਦੇ ਚਾਲੂ ਆਸਰੇ ਲਈ ਧੰਨਵਾਦ ਕਰਨਾ ਚਾਹੁੰਦੇ ਹਾਂ।

ਰਾਨੀ ਇਸ ਔਹਦੇ ਲਈ ਨਵੀਂ ਕੀਮਤੀ ਭਰਤੀ ਹੈ ਕਿਉਂ ਕਿ ਇਹ ਆਪਣੇ ਨਾਲ ਸਕੌਟਲੈਂਡ ਭਰ ਵਿੱਚ ਕੁੱਝ ਸੱਭ ਤੋਂ ਵੱਧ ਗਰੀਬ ਭਾਈਚਾਰਿਆ ਦੇ ਸੇਵਾ ਕਰਨ ਦੇ ਕਈ ਸਾਲਾਂ ਦਾ ਤਜ਼ਰਬਾ ਨਾਲ ਲੈ ਕੇ ਆਈ ਹੈ। ਰਾਨੀ ਰਹਿਾਇਸ਼ ਦੀ ਭਾਈਚਾਰਿਕ ਮਾਲਕੀ ਵਿੱਚ ਰਾਹ ਦਿਖਾਊ ਹੈ ਅਤੇ ਨਿੱਜੀ ਅਤੇ ਜਨਤਕ ਖੇਤਰਾਂ ਵਿੱਚ ਕੁੱਝ ਗਿਣਤੀ ਦੇ ਹੋਰ ਔਹਦਿਆ ਤੇ ਵੀ ਨਿਯੁੱਕਤ ਹੈ।

ਹਾਪੀ ਟੂ ਟ੍ਰਾਂਸਲੇਟ ਅਸਰ ਵਿੱਚ ਲਗਾਤਾਰ ਪ੍ਰਫੁੱਲਤ ਹੋ ਰਹੀ ਹੈ ਅਤੇ ਇਸ ਪਹਿਲ ਕਦਮੀ ਵਿੱਚ ਛੇ ਨਵੇਂ ਮੈਂਬਰਾਂ ਨੂੰ ਜੀ ਆਇਆਂ ਆਖਿਆ ਹੈ, ਜਿਸ ਵਿੱਚ ਇਸ ਦੇ ਨਿੱਜੀ ਖੇਤਰ ਦੇ ਪਹਿਲੇ ਮੈਂਬਰ ਸ਼ਾਮਲ ਹਨ। ਗਲਾਸਗੋ ਵਿੱਚ ਦਾ ਏਂਜਲ ਗਰੁੱਪ, ਜੋ ਇੱਕ ਪਰਾਪ੍ਰਟੀ ਦਾ ਮਾਹਿਰ ਹੈ ਅਤੇ ਸਿੱਟੀ ਵੌਰਮ ਲਿੱਮੀਟੱਡ, ਜੋ ਗੈਸ ਵਿੱਚ ਮਾਹਿਰਤਾ ਰੱਖਣ ਵਾਲਾ ਸਲਾਹਕਾਰ ਹੈ।

ਦੂਜੇ ਨਵੇਂ ਮੈਂਬਰਾਂ ਵਿੱਚ ਇਹ ਸ਼ਾਮਲ ਹਨ: **ਦਾ ਸਕੌਟਿਸ਼ ਕਰਮਿਨਿਅਲ ਕੇਸਸ ਰੀਵਿਊ ; ਡਰੱਮਚਾਪਲ ਹਾਊਜ਼ਿੰਗ ਕੋਔਪਰਾਟਿਵ; ਕਿਊਬ ਹਾਊਜ਼ਿੰਗ ਏਸੋਸੀਏਸ਼ਨ; ਅਤੇ ਈਸਟ ਕਿਲਬਰਾਇਡ  ਅਤੇ ਡਿਸਟਰਿਕਟ ਹਾਊਜ਼ਿੰਗ ਏਸੋਸੀਏਸ਼ਨ।**

ਸਾਨੂੰ ਇਸ ਬਾਰੇ ਬਹੁਤ ਉਤਸ਼ਾਹ ਹੈ ਕਿ ਇਹ ਪਹਿਲ ਕਦਮੀ ਨਵੀਆਂ ਹੱਦਾਂ ਪਾਰ ਕਰੀ ਜਾ ਰਹੀ ਹੈ ਅਤੇ ਲੋਕਾਂ-ਸਾਹਮਣਾ ਕਰਨ ਵਾਲੇ ਉਦਯੋਗਾਂ ਵਿੱਚ ਹੋਰ ਨਵੇ ਮੈਂਬਰ ਬਣਾ ਰਹੀ ਹੈ। ਅਸੀਂ 2010 ਵਿੱਚ ਹੋਰ ਤਰੱਕੀ ਕਰਨ ਦੇ ਮੌਕਿਆਂ ਦੀ ਅਗਾਂਹ ਉਡੀਕ ਕਰ ਰਹੇ ਹਾਂ।

ਜੇ ਤੁਹਾਨੂੰ ਇਸ ਯੋਜਨਾ ਬਾਰੇ ਹੋਰ ਜਾਣਕਾਰੀ ਲੈਣ ਵਿੱਚ ਦਿਲਚਸਪੀ ਹੋਵੇ ਤਾਂ ਕਿਰਪਾ ਕਰਕੇ ਇਸ ਨਾਲ ਸੰਪਰਕ ਕਰੋ:

**ਕਟਰੀਨਾ ਮਕਐਨਟੈਗਰਟ (Katrina McEntegart)**
ਵਿਕਾਸ ਅਤੇ ਇਸ਼ਤਿਹਾਰਬਾਜ਼ੀ ਅਫ਼ਸਰ (Development and Marketing Officer)
**0131 444 4951 ਤੇ ਜਾਂ**
**kmcentegart@trustha.org.uk or visit our website:**
**www.EqualityScotland.com**

www.EqualityScotland.com

# ਨੌਕਰੀ ਦੇ ਮੌਕਿਆਂ ਦੀ ਯੋਜਨਾ ਨੇ ਨਵਾਂ ਫੰਡ ਪ੍ਰਾਪਤ ਕੀਤਾ



ਨੌਕਰੀਆਂ ਦੇ ਮੌਕਿਆਂ ਦੀ ਆਸਰਰਾ ਯੋਜਨਾ ਨੇ ਕਾਪੀਟਲ ਸਿੱਟੀ ਪਾਟਨਰਸ਼ਿੱਪ ਤੋਂ ਫੰਡ ਪ੍ਰਾਪਤ ਕਰ ਲਿਆ ਹੈ ਜਿਸ ਨਾਲ ਇਹ ਅੱਗਲੇ ਦੋ ਸਾਲ ਆਪਣਾ ਨਵੀਨਤਾਕਾਰੀ ਕੰਮ ਕਰਨਾ ਚਾਲੂ ਰੱਖ ਸਕੇਗੀ।

ਇਹ ਯੋਜਨਾ, ਜੋ ਘੱਟ ਗਿਣਤੀ ਨਸਲੀ ਮੂਲ ਦੇ ਪਿਛੋਕੜ ਤੋਂ ਲੋਕਾਂ ਲਈ ਨੌਕਰੀ ਦੇ ਮੌਕਿਆਂ ਤੱਕ ਵਧੇਰੇ ਪਾਹੁੰਚ ਕਰਨ ਦੀ ਗੁੰਜਾਇਸ਼ ਪੈਦਾ ਕਰਦੀ ਹੈ ਅਤੇ ਭਾਈਚਾਰਿਆਂ ਅਤੇ ਮਾਲਕਾਂ ਦਰਮਿਆਨ ਤਾਲ-ਮੇਲ ਵਿਕਸਤ ਕਰਦੀ ਹੈ, ਦੁਬਾਰਾ ਫਿਰ ਜਾ ਕੇ ਮੁਲਾਕਾਤ ਕਰੇਗੀ ਅਤੇ ਆਪਣੀਆਂ ਸਰਗਰਮੀਆਂ ਵਿੱਚ ਸੁਧਾਰ ਕਰੇਗੀ ਅਤੇ ਆਪਣੇ ਸੰਪਰਕ ਅਤੇ ਸਾਂਝਦਾਰੀਆਂ ਦਾ ਘੇਰਾ ਵਧਾਵੇਗੀ।

ਇਸ ਯੋਜਨਾ ਨੇ ਸਫ਼ਲਵਾ ਨਾਲ ਹੋਰ ਭਾਈਚਾਰਿਕ ਸੰਸਥਾਵਾਂ ਅਤੇ ਨਾਲੇ ਕਈ ਏਜੰਸੀਆਂ ਨਾਲ ਜੋ ਇਸੇ ਤਰ੍ਹਾਂ ਦਾ ਕੰਮ ਕਰ ਰਹੀਆਂ ਹਨ ਜਾਂ ਵਧੇਰੇ ਆਸਰਾ ਸੇਵਾਵਾਂ ਪ੍ਰਦਾਨ ਕਰਦੀਆਂ ਹਨ ਜਿਸ ਤੜ੍ਹਾਂ ਕਿ 'ਵਰਕਿੰਗ ਫੋਰ ਫੈਮੀਲੀਜ਼', ਸ਼ਕਤੀ ਅਤੇ ਕੌਰ ਨਾਲ ਸਾਂਝਦਾਰੀਆਂ ਅਤੇ ਤਾਲ-ਮੇਲ ਵਿਕਸਤ ਕੀਤੇ ਹਨ।

ਤਨਖ਼ਾਹ ਵਾਲੀ ਨੌਕਰੀ ਲੱਭ ਰਹੇ ਵਿਅਕਤੀਆਂ ਨੂੰ ਸੇਧ ਅਤੇ ਆਸਰਾ ਦੇਣ ਤੋਂ ਇਲਾਵਾ, ਇਹ ਯੋਜਨਾ ਕੰਮ ਤੇ ਤਜ਼ਰਬਾ ਪ੍ਰਾਪਤ ਕਰਨ ਲਈ ਥਾਂ ਤੇ ਲਾਉਣ ਦਾ ਪ੍ਰਬੰਧ ਕਰਨ ਲਈ ਮਾਲਕਾਂ ਨਾਲ ਨੇੜੇ ਹੋ ਕੇ ਕੰਮ ਕਰਦੀ ਹੈ। ਕੰਮ ਤੇ ਸਥਾਪਣ ਨਾਲ ਸਿੱਖਿਆਰਥੀਆਂ ਲਈ ਕੰਮ ਦਾ ਕੀਮਤੀ ਤਜ਼ਰਬਾ ਪ੍ਰਾਪਤ ਹੁੰਦਾ ਹੈ, ਜਿਸ ਨਾਲ ਉਨ੍ਹਾਂ ਨੂੰ ਨਵੀਆਂ ਮੁਹਾਰਤਾਂ, ਵਧੇਰੇ ਹੌਂਸਲਾ ਅਤੇ ਉਚਿੱਤ ਹਵਾਲਾ ਮਿਲ ਜਾਂਦਾ ਹੈ।

ਇਹ ਕੰਮ ਤੇ ਸਥਾਪਣ ਬਹੁਤ ਸਫ਼ਲ ਸਾਬਤ ਹੋਏ ਹਨ, ਜਿਨ੍ਹਾਂ ਨਾਲ ਦੋਵੇਂ ਸਿੱਖਿਆਰਥੀਆਂ ਅਤੇ ਮਾਲਕਾਂ ਲਈ ਵੀ ਉਸਾਰੂ ਸਿੱਟੇ ਨਿਕਲੇ ਹਨ ਜੋ ਸਥਾਪਣਾਂ ਨੂੰ ਇਸ ਯੋਜਨਾ ਤੋਂ ਲਾਭ ਉਠਾਉਣ ਦਾ ਬਹੁਤ ਚੰਗਾ ਮੌਕਾ ਸਮਝਦੇ ਹਨ। ਇਹ ਯੋਜਨਾ ਪਹਿਲਾਂ ਹੀ 42 ਵਿਅਕਤੀਆਂ ਦੀ ਪਰਖਿਆ ਲੈ ਚੁੱਕੀ ਹੈ ਅਤੇ ਉਨ੍ਹਾਂ ਨੂੰ ਆਸਰਾ ਦਿੱਤਾ ਹੈ। ਇਥੇ ਵਿਅਕਤੀਆਂ ਨੂੰ ਸੰਸਥਾਵਾਂ ਨੇ ਭੇਜਿਆ, ਕੁੱਝ ਹੋਰਨਾਂ ਤੋਂ ਸ਼ੁਣਕੇ ਆਏ ਅਤੇ ਕੱਝ ਆਪਣੇ ਆਪ ਵੀ ਖ਼ੱਦ ਆ ਗਏ।

ਪਹਿਲੇ ਗਾਹਕਾਂ ਨਾਲ ਹਾਲੇ ਵੀ ਸੰਪਰਕ ਬਣਿਆ ਹੋਇਆ ਹੈ ਅਤੇ ਦੋ ਵਿਅਕਤੀਆਂ ਨੇ ਯੋਜਨਾ ਦੁਆਰਾ ਪੱਕੀਆਂ ਨੌਕਰੀਆਂ ਹਾਸਲ ਕਰ ਲਈਆਂ ਹਨ।

ਅਸੀਂ ਪਹਿਲਾਂ ਹੀ ਦੋ ਨਵੀਆਂ ਕੰਮ ਤੇ ਸਥਾਪਣਾਂ ਦਾ ਪ੍ਰਬੰਧ ਕਰ ਚੁੱਕੇ ਹਾਂ ਅਤੇ ਮਾਲਕਾਂ ਨਾਲ ਹੋਰ ਅਗਾਂਹ ਲਈ ਸਥਾਪਣਾਂ ਦਾ ਇਤਜ਼ਾਮ ਕਰ ਲਿਆ ਹੈ ਤਾਂ ਕਿ ਰੁਕਾਵਟਾਂ ਦੂਰ ਕੀਤੀਆਂ ਜਾ ਸਕਣ ਅਤੇ ਨੌਕਰੀ ਦੇ ਮੌਕੇ ਪੈਦਾ ਕੀਤੇ ਜਾ ਸਕਣ।

ਇਹ ਯੋਜਨਾ ਯਕੀਨੀ ਬਣਾਉਂਦੀ ਹੈ ਕਿ ਆਸਰਾ ਸੇਵਾਵਾਂ ਘੱਟ ਗਿਣਤੀ ਨਸਲੀ ਮੂਲ ਦੇ ਲੋਕਾਂ ਦੀਆਂ ਲੋੜਾਂ ਅਨੁਕੂਲ ਅਤੇ ਮਾਲਕਾਂ ਦੀਆਂ ਮੰਗਾਂ ਅਨੁਸਾਰ ਹੋਣ।

ਜੇ ਤੁਸੀਂ ਕਿਸੇ ਨੂੰ ਜਾਣਦੇ ਹੋ ਜੋ ਇਸ ਯੋਜਨਾ ਤੋਂ ਲਾਭ ਉਠ ਸਕਦਾ ਹੋਵੇ ਤਾਂ ਕਿਰਪਾ ਕਰਕੇ ਇਸ ਨਾਲ ਸੰਪਰਕ ਕਰੋ:

**ਨਸਰੀਨ ਅਮਜੱਦ (Nasreen Amjad)**

**ਨੌਕਰੀ ਦੇ ਮੌਕਿਆਂ ਦਾ ਵਿਕਾਸ ਅਫ਼ਸਰ (Job Opportunities Development Officer)**
**0131 444 4953 ਤੇ ਜਾਂ**
**namjad@trustha.org.uk**
**ਸਾਡੇ ਵੈਬਸਾਈਟ ਤੇ ਇਥੇ ਪਧਾਰੋ:**
**www.EqualityScotland.com**

CAPITAL CITY PARTNERSHIP

# ਯਾਦਗਰ ਯੋਜਨਾ

ਇਸ ਯਾਦਗਰ ਯੋਜਨਾ ਵਿੱਚ ਸਕੌਟਲੈਂਡ ਵਿੱਚ ਨਸਲੀ ਘੱਟ ਗਿਣਤੀ ਭਾਈਚਾਰਿਆਂ ਦੇ 1950 ਅਤੇ 1960 ਦੇ ਦਿਹਾਕਿਆਂ ਵਿੱਚ ਆ ਕੇ ਵੱਸਣ ਦੀਆਂ ਨਿੱਜੀ ਕਹਾਣੀਆਂ ਇੱਕੱਠੀਆਂ ਕਰਨੀਆਂ ਸ਼ਾਮਲ ਸਨ।

ਘੱਟ ਗਿਣਤੀ ਨਸਲੀ ਮੂਲ ਦੇ ਪਿੱਛੋਕੜ ਤੋਂ 10 ਵਿਅਕਤੀਆਂ ਦੀਆਂ ਆਵਾਸ ਯਾਦਾਂ ਪ੍ਰਦਰਸ਼ਤ ਕਰ ਰਹੀ ਦੋ-ਪੰਨਿਆਂ ਦੇ ਖਿਲਾਰ ਦੇ ਨਮੂਨੇ ਵਾਲੀ ਕਿਤਾਬ ਛਾਪੀ ਗਈ ਸੀ ਜਿਸ ਵਿੱਚ ਹੋਰ ਮੂਲ ਫੋਟੋਗਰਾਫ਼ੀ, ਪੁਰਾਤਨ ਲਿੱਖਤਾਂ ਅਤੇ ਖ਼ਰੜੇ ਜੋ ਅਸੀਂ ਇਕੱਠੇ ਕੀਤੇ ਹਨ, ਅਤੇ ਹੋਰ 18 ਬਜ਼ੁਰਗ ਵਿਅਕਤੀਆਂ ਦੇ ਖੋਜ ਇੰਟਰਵੀਊਆਂ ਦੀਆਂ ਲਿੱਖਤਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ।

ਪਿੱਛੋਕੜ ਲਈ, ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਦੀ ਵਿਸ਼ੇਸ਼ ਇਕੱਤਰ ਕੀਤੀ ਟੀਮ ਨੇ ਇਹ ਯੋਜਨਾ ਪੂਰੀ ਕੀਤੀ ਸੀ। ਇਸ ਯੋਜਨਾ ਦੀ ਟੀਮ ਵਿੱਚ ਕਿਤਾਬ ਡੀਜ਼ਾਇਨਰ, ਲਿੱਖਾਰੀ ਅਤੇ ਸੰਪਾਦਕ, ਫ਼ੋਟੋਗਰਾਫ਼ਰ ਅਤੇ ਦੋਭਾਸ਼ੀਏ ਸ਼ਾਮਲ ਸਨ।

ਕਿਤਾਬ ਧਾਰਨਾ ਵਿੱਚ ਦੀਆਂ ਕਹਾਣੀਆਂ ਅਤੇ ਤਸਵੀਰਾਂ ਪੂਰੀ-ਲੰਮਾਈ ਦੀ ਕਿਤਾਬ ਦਾ ਨਮੂਨਾ ਦਿਖਾਲਣ ਲਈ ਹਨ ਜੋ ਅਸੀਂ ਉਤਪਾਦਿੱਤ ਕਰਨਾ ਚਾਹੁੰਦੇ ਹਾਂ ਜੇ ਸਾਨੂੰ ਇਸ ਯੋਜਨਾ ਲਈ ਅਗਾਂਹ ਹੋਰ ਫੰਡ ਮਿਲ ਗਿਆ।

ਵਿਅਕਤੀਆਂ ਨਾਲ ਵੱਡੀ ਪੱਧਰ ਦੇ ਨਿੱਜੀ ਖੋਜ ਇੰਟਰਵੀਓ ਕਰਨ ਤੋਂ ਬਾਦ ਕਹਾਣੀਆਂ ਦਾ ਸੰਗਰੈਹ ਕੀਤਾ ਗਿਆ ਸੀ। ਖੋਜ ਕਰਨ ਲਈ, ਜਦੋਂ ਉਹ ਪਹਿਲੇ ਦਿਨਾਂ ਦੀ ਆਪਣੀ ਆਵਾਸੀਆਂ ਦੀ ਜ਼ਿੰਦਗੀ ਬਾਰੇ ਯਾਦਾਂ ਚੇਤੇ ਕਰਕੇ ਦੱਸ ਰਹੇ ਹੋਣ, ਉਸ ਸਮੇਂ ਜਿਗਰਾ ਅਤੇ ਬਜ਼ੁਰਗ ਲੋਕਾਂ ਦੀਆਂ ਭਾਵਨਾਵਾਂ ਅਤੇ ਉਨ੍ਹਾਂ ਨੂੰ ਆਪਣੀ ਰਫ਼ਤਾਰ ਨਾਲ ਅਗਾਂਹ ਕਦਮ ਚੁੱਕਣ ਦੀ ਲੋੜ ਨੂੰ ਸਮਝਣ ਦੀ ਜਰੂਰਤ ਪਈ ਸੀ।




ਯਾਦਗਰ ਯੋਜਨਾ ਵਿੱਚ ਮੁੱਖ ਲੱਭਤਾਂ ਵਿੱਚ ਇਹ ਤੱਤ ਸ਼ਾਮਲ ਹੈ ਕਿ ਨਸਲੀ ਮੂਲ ਦੀਆਂ ਘੱਟ ਗਿਣਤੀਆਂ ਦੇ ਪਿੱਛੋੜ ਤੇ ਬਜ਼ੁਰਗ ਲੋਕ ਸਕੌਟਲੈਂਡ (ਅਤੇ ਬਾਕੀ ਯੂ.ਕੇ. ਵੀ) ਵਿੱਚ ਦਾ ਆਵਾਸ ਪ੍ਰਤੀ ਅਜੋਕੇ ਇਤਹਿਾਸ ਦੇ ਮਹਤੱਵਪਪੂਰਨ ਪੱਖ ਲਈ ਹੱਡ-ਬੀਤੀ ਜਾਣਕਾਰੀ ਦਾ ਕੀਮਤੀ ਨਾ ਵਰਤਿਆ ਗਿਆ ਸੋਮਾ ਹਨ।

ਸੱਭ ਖ਼ਰਚੇ ਲਈ ਮਿਲੇ ਪੈਸਿਆਂ ਨਾਲ ਅਸੀਂ 'ਯਾਦਗਰ ਯੋਜਨਾ' ਲਈ ਆਪਣੇ ਸੱਭ ਮੁੱਖ ਟੀਚੇ ਪੂਰੇ ਕਰ ਸਕੇ ਹਾਂ ਅਵੇ ਸਪਸ਼ਟ ਤੌਰ ਤੇ ਸਾਬਤ ਕਰ ਸਕੇ ਹਾਂ ਕਿ ਇਸ ਨੂੰ ਹੋਰ ਅਗਾਂਹ ਇੱਕ ਅਨੋਖੇ ਅਤੇ ਲੈਹਰਾਉਂਦੀ ਇਤਿਹਾਸਕ ਯਾਦਗਰ ਵਿੱਚ ਵਿਕਸਤ ਕਰਨ ਲਈ ਸੰਭਾਵਨਾ ਹੈ।

www.EqualityScotland.com

# ਇਤਾਲਵੀ (Italian) ਸਿਹਤ ਪ੍ਰਤੀਨਿਧ ਮੰਡਲ ਐਡਿੰਬਰਾ ਆਏ

ਸੇਵਾਂ ਪ੍ਰਦਾਨ ਕਰਨ ਵਾਲਿਆਂ ਵੱਲੋਂ ਚਲਾਈਆਂ ਜਾ ਰਹੀਆਂ ਨਵੀਨਤਾਕਾਰੀ ਯੋਜਨਾਵਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਤੱਤ ਲੱਭਣ ਦੇ ਮਿਸ਼ਨ ਤੇ ਇਤਾਲਵੀ ਸਿਹਤ ਮੁਲਾਕਾਤੀ ਐਡਿੰਬਰਾ ਆਏ।

ਇਤਾਲਵੀ ਸਮੂਹ ਘੱਟ ਗਿਣਤੀ ਨਸਲੀ ਮੂਲ ਦੇ ਸਮੂਹਾਂ ਨਾਲ ਸਰਗਰਮ ਕੰਮ ਤੇ ਕੇਂਦ੍ਰਿਤ ਹੋਣ ਅਤੇ ਜਾਂਚ ਕਰਨ ਲਈ ਕਿ ਉਹ ਸਕੌਟਲੈਂਡ ਵਿੱਚ ਵਿਕਾਸ ਕੀਤੀ ਹੋਈ ਵਿਚਾਰਧਾਰਾ ਨੂੰ ਇਟਲੀ ਵਿੱਚ ਕਿਸ ਤਰ੍ਹਾਂ ਲਿਜਾ ਸਕਦੇ ਹਨ ਦੇ ਚਾਹਵਾਨ ਸਨ।

ਮੁਲਾਕਾਤੀਆਂ ਨੇ ਦੁਪਹਿਰ ਦੇ ਖਾਣੇ ਦੌਰਾਨ ਉਤਸ਼ਾਹਭਰਪੂਰ ਪ੍ਰਸਪਰ ਵਿਚਾਰਾਂ ਦੇ ਵਟਾਂਦਰੇ ਵਿੱਚ ਭਾਗ ਲਿਆ ਅਤੇ ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਵੱਲੋਂ ਚਲਾਈਆਂ ਜਾ ਰਹੀਆਂ ਅਲੱਗ ਅਲੱਗ ਯੋਜਨਾਵਾਂ ਬਾਰੇ ਕਈ ਪ੍ਰਕਾਰ ਦੀ ਜਾਣਕਰੀ ਪ੍ਰਾਪਤ ਕਰਕੇ ਕੇ ਗਏ।

ਇਟਲੀ ਦੀ ਆਬਾਦੀ ਯੂਰੋਪੀਅਨ ਯੂਨੀਅਨ ਵਿੱਚੋਂ ਸੱਭ ਤੋਂ ਵੱਧ ਚੌਥੇ ਨੰਬਰ ਤੇ ਹੈ ਅਤੇ ਕੁੱਲ 7.5% ਬਾਹਰਲੇ ਦੇਸ਼ਾਂ ਤੋਂ ਆਏ ਲੋਕ ਹਨ।

## ਯੂਰੋਪ ਵਿੱਖੇ ਆਵਾਸੀ ਬਜ਼ੁਰਗਾਂ ਦੇ ਸਮਾਗਮ ਵਿੱਚ ਕਰਮਚਾਰੀਆਂ ਨੇ ਭਾਗ ਲਿਆ

ਰੋਹੀਨੀ ਸ਼ਰਮਾ ਜੋਸ਼ੀ ਅਤੇ ਹੈਲਨ ਮਰਡੋਕ (ਚੀਫ ਐਕਜ਼ੈਕਟਿਵ, ਹਾਨੋਵਰ (ਸਕੌਟਲੈਂਡ) ਹਾਊਜ਼ਿੰਗ ਏਸੋਸੀਏਸ਼ਨ) ਨੇ ਯੂਰੋਪ ਭਰ ਵਿਚ ਆਵਾਸੀ ਬਜ਼ੁਰਗਾਂ ਦੇ ਜੀਵਨ ਸੁਧਾਰਨ ਉੱਪਰ ਕੇਂਦ੍ਰਿਤ ਇੱਕ ਵਿਸ਼ੇਸ਼ ਅੰਤਰਰਾਸ਼ਟਰੀ ਵਰਕਸ਼ਾਪ ਵਿੱਚ ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਦੀ ਨੁਮਾਇੰਦਗੀ ਕੀਤੀ।

ਇਹ ਵਰਕਸ਼ਾਪ, ਜੋ ਅਕਤੂਬਰ ਵਿੱਚ ਬਰੱਸਲਜ਼ ਵਿੱਖੇ ਕੀਤੀ ਗਈ ਸੀ, ਦਾ ਪ੍ਰਬੰਧ ਅਕਟਿਵ ਏਜਿੰਗ ਐਂਡ ਮਾਈਗ੍ਰਾਂਟ ਐਲਡਰਜ਼ ਇਨ ਯੂਰੋਪ (ਏ.ਏ.ਐਮ.ਈ.ਈ.) ਯੋਜਨਾ ਦੇ ਹਿੱਸੇ ਵੱਜੋਂ ਕੀਤਾ ਗਿਆ ਸੀ ਅਤੇ ਯੂਰੋਪੀਅਨ ਕਮਿਸ਼ਨ ਨਾਲ ਸਾਂਝਦਾਰੀ ਵਿੱਚ ਕੀਤੀ ਗਈ ਸੀ।

ਵਿਚਾਰ ਵਟਾਂਦਰੇ ਵਿੱਚ ਪ੍ਰਸਪਰ ਏਕਤਾ, ਸਰਗਰਮ ਬਢਾਪਾ ਅਤੇ ਬਜ਼ੁਰਗ ਲੋਕਾਂ ਨੂੰ ਸਮਰੱਥਾ ਦੇਣ ਨਾਲ ਯੂਰੋਪ ਭਰ ਵਿੱਚ ਆਵਾਸੀ ਬਜ਼ੁਰਗ ਕਿਸ ਤਰ੍ਹਾਂ ਵਧੇਰੇ ਖਸ਼ਹਾਲ ਅਤੇ ਸੰਪੂਰਨ ਜੀਵਨ ਬਤੀਤ ਕਰਨ ਵਿੱਚ ਯੋਗਦਾਨ ਪਾਇਆ ਜਾ ਸਕਦਾ ਹੈ, ਸ਼ਾਮਲ ਸਨ।

ਮੁੱਖ ਬੁਲਾਰੇ ਯੂਰੋਪੀਅਨ ਕਮਿਸ਼ਨ, ਪਾਰਲੀਮੈਂਟ ਅਤੇ ਏ.ਏ.ਐਮ.ਈ.ਈ. ਯੋਜਨਾ ਤੋਂ ਸਨ।

ਸਾਂਖਿਅਕੀ ਅੰਕੜੇ ਦੱਸਦੇ ਹਨ ਕਿ 65-79 ਸਾਲਾਂ ਦੀ ਉੱਮਰ ਦੇ ਬਜ਼ੁਰਗਾਂ ਦੀ ਗਿਣਤੀ ਯੂਰੋਪੀਅਨ ਯੂਨੀਅਨ ਭਰ ਵਿੱਚ ਅੱਗਲੇ 20 ਸਾਲਾਂ ਦੌਰਾਨ ਵੱਧ ਜਾਵੇਗੀ ਜਿੱਥੇ ਨੌਜਵਾਨ ਲੋਕਾਂ ਦੀ ਗਿਣਤੀ ਕਾਫ਼ੀ ਘੱਟ ਜਾਵੇਗੀ, ਜਿਸ ਦੇ ਸਿੱਟੇ ਵੱਜੋਂ ਕਾਫ਼ੀ ਵੱਡੀ ਪੱਧਰ ਦੇ ਜਨਮ ਮਰਨ, ਸਮਾਜਿਕ ਅਤੇ ਆਰਥਿਕ ਵੰਗਾਰ ਪੈਦਾ ਹੋਣਗੇ।

## ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਦੇ 'ਚੰਗੇ ਅਭਿਆਸ' ਨੂੰ ਯੂਰੋਪੀ ਮਾਣਤਾ

ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਵੱਲੋ ਉੱਚੇ ਮਿਆਰ ਦੇ ਕੀਤੇ ਕੰਮਾਂ ਨੂੰ ਇੱਕ ਨਵੀਂ ਯੂਰੋਪੀ ਪ੍ਰਕਾਸ਼ਤ 'ਚੰਗਾ ਅਭਿਆਸ' ਵਿੱਚ ਸ਼ਾਮਲ ਕਰਕੇ ਮਾਣਤਾ ਦਿੱਤੀ ਗਈ ਹੈ ਜੋ ਉਨ੍ਹਾਂ ਸੰਸਥਾਵਾਂ ਦੀ ਪ੍ਰਦਰਸ਼ਨੀ ਕਰਦੀ ਹੈ ਜੋ ਘੱਟ ਗਿਣਤੀ ਨਸਲੀ ਮੂਲ ਦੇ ਬਜ਼ੁਰਗਾਂ ਦੇ ਜੀਵਨ ਸੁਧਾਰਨ ਲਈ ਕੰਮ ਕਰ ਰਹੀਆਂ ਹੋਣ। ਨਵੀ 'ਚੰਗਾ ਅਭਿਆਸ' ਪ੍ਰਕਾਸ਼ਤ ਸਫ਼ਲ ਯੈਰੋਪੀ ਕਾਨਫਰੰਸ ਅਤੇ 2008 ਵਿੱਚ 'ਅਕਟਿਵ ਏਜਿੰਗ ਐਂਡ ਮਾਈਗ੍ਰਾਂਟ ਐਲਡਰਜ਼ ਇਨ ਯੂਰੋਪ (ਏ.ਏ.ਐਮ.ਈ.ਈ.)' ਨਾਮੀ ਚੰਗਾ ਅਭਿਆਸ ਵਟਾਂਦਰਾ ਪ੍ਰੋਗਰਾਮ ਤੋ ਬਾਦ ਉਤਪਾਦਿੱਤ ਕੀਤੀ ਜਾ ਰਹੀ ਹੈ।
ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਯੂਰੋਪੀ ਪੱਧਰ ਤੇ ਮਾਣਤਾ ਪ੍ਰਾਪਤ ਕਰਕੇ ਅਤੇ 'ਚੰਗਾ ਅਭਿਆਸ' ਦੀ ਉਦਾਹਰਨ ਵੱਜੋਂ ਸ਼ਾਮਲ ਕੀਤੇ ਜਾਣ ਵੱਜੋਂ ਬਹੁਤ ਖੁਸ਼ ਹੋਇਆ ਹੈ।

**ਐਡਿੰਬਰਾ**
Trust HA
12 New Mart Road
Edinburgh EH14 1RL
ਫ਼ੋਨ: 0131 444 1200
www.trustha.org.uk

Hanover (Scotland) HA
95 McDonald Road
Edinburgh EH7 4NS
ਫ਼ੋਨ: 0131 557 0598
www.hsha.org.uk

Bield HA
79 Hopetoun Street
Edinburgh EH7 4QF
ਫ਼ੋਨ: 0131 273 4000
www.bield.co.uk

**ਗਲਾਸਗੋ**
Trust HA
First Floor, Pavilion 5
Watermark Business Park
345 Govan Road
Glasgow G51 2SE
ਫ਼ੋਨ: 0141 227 1994
www.trustha.org.uk

Hanover (Scotland) HA
Ground Floor, Pavilion 5
Watermark Business Park
345 Govan Road
Glasgow G51 2SE
ਫ਼ੋਨ: 0141 553 6300
www.hsha.org.uk

Bield HA
Unit 6, 7 Eagle Street
Glasgow G4 9XA
ਫ਼ੋਨ: 0141 270 7200
www.bield.co.uk

**ਡੰਡੀ**
Bield HA
Kingsburn Court
Pitalpin Street, Dundee
Angus, DD2 2TY
ਫ਼ੋਨ: 01382 612307
www.bield.co.uk

**ਅਰੰਨ**
Isle of Arran Homes
Springbank, Brodick
Isle of Arran KA27 8BE
ਫ਼ੋਨ 01770 303700
ਫ਼ੈਕਸ 01770 303701

**ਐਲਗਿਨ**
Hanover (Scotland)
Housing Association Ltd
12 Institution Road
Elgin IV30 1QX
ਫ਼ੋਨ 01343 548585
ਫ਼ੈਕਸ: 01343 549519

# ਗੈਟ ਅੱਪ ਐਂਡ ਗੋ ਇਨਾਮ 2009

ਅਸੀਂ ਬਹੁਤ ਖ਼ੁਸ਼ ਹਾਂ ਕਿ 'ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ' ਨੂੰ **"ਐਡਿਨਬਰਾ ਵਿੱਚ ਬਜ਼ੁਰਗ ਲੋਕਾਂ ਨੂੰ ਭਾਗ ਲੈਣ ਲਈ ਉਤਸ਼ਾਹਿਤ ਕਰਨਾ"** ਲਈ ਗੈਟ ਅੱਪ ਐਂਡ ਗੋ ਇਨਾਮਾਂ ਤੇ ਦੂਜੇ ਨੰਬਰ ਤੇ ਆਉਣ ਦਾ ਸਰਟੀਫਿਕੇਟ ਮਿਲਿਆ।
ਇਨਾਮ ਦੇਣ ਦਾ ਸਮਾਗਮ ਬੁੱਧਵਾਰ 22 ਜੁਲਾਈ ਨੂੰ ਸਿੱਟੀ ਚੇਂਬਰਜ਼ ਵਿੱਚ ਕੀਤਾ ਗਿਆ ਸੀ।




## ਬਰਾਬਰੀ ਦੇ ਮੌਕਿਆਂ ਦੀ ਟੀਮ
"ਬਰਾਬਰੀ ਦੇ ਮੌਕਿਆਂ ਦਾ ਪ੍ਰੋਗਰਾਮ"

***ਰੋਹੀਨੀ ਸ਼ਰਮਾ ਜੋਸ਼ੀ***
*ਰਿਹਾਇਸ਼ੀ ਬਰਾਬਰੀ ਦੇ ਮੀਕਆਂ ਦੀ ਮੈਨੇਜਰ*

*ਫ਼ੋਨ: 0131 444 4950*
*ਈਮੇਲ: rsharma@trustha.org.uk*

***ਨੀਰੂ ਭੱਟਨਾਗਰ***
*ਬਜ਼ੁਰਗ ਲੋਕ ਸੇਵਾਵਾਂ ਤਾਲ-ਮੇਲ ਕਰਤਾ*

*ਫ਼ੋਨ: 0131 444 4952*
*ਈਮੇਲ: neerub@trustha.org.uk*

***ਆਂਟਨੀ ਲੀ ਚੁ***
*ਬਜ਼ੁਰਗ ਲੋਕ ਸੇਵਾਵਾਂ ਤਾਲ-ਮੇਲ ਕਰਤਾ*
*ਫ਼ੋਨ: 0131 444 4941*
*ਈਮੇਲ: lchu@trustha.org.uk*

***ਕਟਰੀਨਾ ਮਕਮੇਨਟੀਗਾਰਟ***
*ਵਿਕਾਸ ਅਤੇ ਇਸ਼ਤਿਹਾਰਬਾਜ਼ੀ ਅਫ਼ਸਰ*
*ਫ਼ੋਨ: 0131 444 4951*
*ਈਮੇਲ: kmcentegart@trustha.org.uk*

***ਨਸਰੀਨ ਅਮਜਦ***
*ਨੌਕਰੇ ਦੇ ਮੌਕਿਆਂ ਦਾ ਵਿਕਾਸ ਅਫ਼ਸਰ*
*ਫ਼ੋਨ : 0131 444 4953*

*ਈਮੇਲ: namjad@trustha.org.uk*

***ਸਰੀਨਾ ਅਪਲਬੀ***
*ਪ੍ਰਬੰਧਕੀ ਸਹਾਇਕ*
*ਫ਼ੋਨ: 0131 444 4942*
*ਈਮੇਲ: sappleby@trustha.org.uk*

i

ਇਹ ਖ਼ਬਰਪੱਤਰ **ਟਰੱਸਟ, ਹਾਨੋਵਰ (ਸਕੌਟਲੈਂਡ)** ਅਤੇ **ਬੀਲਡ ਹਾਊਜ਼ਿੰਗ ਏਸੋਸੀਏਸ਼ਨਜ਼ ਦੀ ਸਾਂਝੀ ਪ੍ਰਕਾਸ਼ਤ ਹੈ।** ਇਸ ਤੋਂ ਪਹਿਲੇ ਅੰਕ **www.EqualityScotland.com** ਤੇ ਦੇਖੇ ਜਾ ਸਕਦੇ ਹਨ। ਜੇ ਤੁਸੀ ਟੀਕਾ ਟਿੱਪਣੀ ਕਰਨੀ ਜਾਂ ਸੁਝਾ ਦੇਣਾ ਚਾਹੁੰਦੇ ਹੋ, ਜਾਂ ਆਪਣੇ ਸਮਾਗਮ ਜਾਂ ਯੋਜਨਾ ਨੂੰ ਇਸ ਪ੍ਰਕਾਸ਼ਤ ਵਿੱਚ ਸ਼ਾਮਲ ਕਰਾਉਣ ਲਈ ਵਿਚਾਰ ਅਧੀਨ ਕਰਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸੰਪਰਕ ਕਰੋ:

**Equal Opportunities Programme**
**12 New Mart Road, Edinburgh EH14 1RL**
**ਫ਼ੋਨ: 0131 444 4942 ਫ਼ੈਕਸ: 0131 444 4949**

**www.EqualityScotland.com**